**3**

# ਪੰਜਾਬੀ ਭਾਸ਼ਾ ਦਾ ਨਿਕਾਸ ਤੇ ਵਿਕਾਸ

ਪੰਜਾਬੀ, ਪੰਜਾਬ ਦੇ ਵਸਨੀਕਾਂ ਦੀ ਬੋਲੀ ਹੈ । ਬੋਲੀ ਤੋਂ ਭਾਵ ਉਨ੍ਹਾਂ ਬੋਲਾ ਜਾਂ ਸ਼ਬਦਾਂ ਤੋਂ ਹੈ ਜਿਨ੍ਹਾਂ ਦੁਆਰਾ ਮਨ ਵਿਚਾਰਾਂ ਤੇ ਭਾਵਾਂ ਨੂੰ ਪ੍ਰਗਟਾਇਆ ਜਾਂਦਾ ਹੈ । ਕੋਈ ਕੌਮ ਜਾਂ ਦੇਸ਼ ਕਿੰਨਾਂ ਕੁ ਉਨਤ ਹੈ, ਇਸ ਗੱਲ ਦਾ ਅਨੁਮਾਨ ਉ ਬੋਲੀ ਦੀ ਵਿਸ਼ਾਲਤਾ ਤੇ ਸਮਰੱਥਾ ਤੋਂ ਲਾਇਆ ਜਾਂਦਾ ਹੈ । ਸ਼ੁਰੂ-ਸ਼ੁਰੂ ਵਿਚ ਸਪਤਸਿੰਧੁ' ਅਖਵਾਉਣ ਵਾਲੇ ਪੰਜਾਬ ਧਰਤੀ ਨੂੰ ਜਮਨਾ ਤੇ ਸਿੰਧ ਦਰਿਆਵਾਂ ਦੇ ਨਿਖੇੜਨ ਨਾਲ 'ਪੰਚ ਨਾਦ ਕਿਹਾ ਜਾਗ ਲੱਗ ਪਿਆ । ਮੁਸਲਮਾਨਾਂ ਆਗਮਨ ਨਾਲ ਇਸ ਦਾ ਨਾਮ 'ਪੰਜ ਆਬ' ਵਿਚ ਤਬਦੀਲ ਹੋ ਗਿਆ ਜੋ ਬਦਲਕੇ 'ਪੰਜਾਬ` ਬਣ ਗਿਆ । ਪੰਜਾਬ ਬੋਲੀ ਨੂੰ 'ਪੰਜਾਬੀ' ਨਾਮ ਦਿੱਤਾ ਗਿਆ । ਪੰਜਾਬ ਦੇ ਰਹਿਣ ਵਾਲੇ, ਸਮੇਂ-ਸਮੇਂ ਜਿਹੜੀ ਵੀ ਭਾਸ਼ਾ ਬੋਲਦੇ ਰਹੇ ਹਨ, ਉ ਪੰਜਾਬੀ ਸੀ । ਪ੍ਰਾਚੀਨ ਤੇ ਨਵੀਨ ਪੰਜਾਬੀ ਬੋਲੀ ਵਿਚ ਢੇਰ ਅੰਤਰ ਹੈ ਕਿਉਂਕਿ ਪੰਜਾਬੀ ਭਾਸ਼ਾ ਉੱਨੀ ਹੀ ਪੁਰਾਣੀ ਹੈ ਜਿ ਪੰਜਾਬ ਦੇ ਵਸਨੀਕ । ਆਧੁਨਿਕ ਰੂਪ ਤੱਕ ਪਹੁੰਚਦੇ-ਪਹੁੰਚਦੇ ਇਸ ਨੂੰ ਕਈ ਸਦੀਆਂ ਲੱਗੀਆਂ ਹਨ।

ਪੰਜਾਬ ਰਾਜ ਦਾ ਪਿਛੋਕੜ (Background of Punjab) ਅਸੀਂ ਅੱਜ ਭਾਰਤ ਦੇ ਜਿਸ ਰਾਜ ਨੂੰ ਪੰਜਾਬ ਕਹਿੰਦੇ ਹਾਂ, ਉਹ ਪੁਰਾਣੇ ਸਮੇਂ ਦੇ ਪੰਜਾਬ ਦੇ ਮੁਕਾਬਲੇ ਬਹੁਤ ਛੋਟਾ ਹੈ ।ਪੰਜਾਬ ਦੀਆਂ ਹੱਦਾਂ ਵਿੱਚ ਪੁਰਾਤਨ ਸਮੇਂ ਤੋਂ ਹੀ ਤਬਦੀਲ ਹੁੰਦੀਆਂ ਰਹੀਆਂ ਹਨ। ਇਹਨਾਂ ਵਿੱਚ 1966, 1956 ,1947 ਈ: ਵਿੱਚ ਹੋਈਆਂ ਤਬਦੀਲੀਆਂ ਵਰਤਮਾਨ ਸਮੇਂ ਦੀਆਂ ਹਨ । 1956 ਤੇ 1966 ਵਿੱਚ ਪੰਜਾਬ ਦੀਆਂ ਹੱਦਾਂ ਵਿੱਚ ਹੋਈਆਂ ਤਬਦੀਲੀਆਂ ਦਾ ਕੇਵਲ ਪ੍ਰਬੰਧਕੀ ਮਹੱਤਵ ਹੈ, ਪਰ 1947 ਈ. ਵਿੱਚ ਹੋਈ ਤਬਦੀਲੀ ਰਾਜਨੀਤਕ ਤੌਰ ਮਹੱਤਵਪੂਰਨ ਹੈ । ਉਸ ਸਮੇਂ ਦਰਿਆ ਸਿੰਧ ਤੋਂ ਲੈ ਕੇ ਅਟਾਰੀ ਤੱਕ ਦਾ ਮੁਸਲਮਾਨੀ ਬਹੁ-ਗਿਣਤੀ ਵਾਲਾ ਇਲਾਕਾ ਪਾਕਿਸਤਾਨ ਨੂੰ ਮਿਲ ਗਿਆ, ਜਿਸਨੂੰ ਹੁਣ ਪੱਛਮੀ ਪੰਜਾਬ ਕਹਿੰਦੇ ਹਨ । ਅਟਾਰੀ ਤੋਂ ਉਰਲੇ ਪਾਸੇ ਵਾਲਾ ਇਲਾਕਾ ਭਾਰਤ ਦੇ ਹਿੱਸੇ ਆਇਆ ਜਿਸਨੂੰ (ਪੂਰਬੀ) ਪੰਜਾਬ ਦਾ ਨਾਮ ਦਿੱਤਾ ਗਿਆ।

1956 ਈ. ਵਿੱਚ ਭਾਰਤ ਸਰਕਾਰ ਨੇ ਭਾਰਤ ਦੇ ਰਾਜਾਂ ਦਾ ਪੁਨਰਗਠਨ ਕੀਤਾ । ਉਦੋਂ ਦੇ ਪਟਿਆਲਾ ਤੇ ਪੂਰ ਪੰਜਾਬ ਦੀਆਂ ਰਿਆਸਤਾਂ ਅਰਥਾਤ 'ਪੈਪਸੂ' ਨਾਂ ਦੇ ਰਾਜ ਨੂੰ ਪੰਜਾਬ ਵਿੱਚ ਮਿਲਾ ਦਿਤਾ ਗਿਆ। 1966 ਈ. ਵਿਚ ਪੰ ਦਾ ਫਿਰ ਪੁਨਰਗਠਨ ਕੀਤਾ ਗਿਆ । ਉਸ ਸਮੇਂ ਪੰਜਾਬ ਦੀ ਵੰਡ ਬੋਲੀ ਦੇ ਆਧਾਰ ਤੇ ਹੋਈ । ਇਸ ਵਿਚੋਂ ਵਰਤ ਹਰਿਆਣਾ ਰਾਜ ਹੋਂਦ ਵਿੱਚ ਆਇਆ । ਕੁਝ ਇਲਾਕੇ ਸਿਮਲਾ, ਕਾਂਗੜਾ, ਕੱਲੂ, ਲਾਹੌਲ ਸਪਿਤੀ, ਧਰਮਸ਼ਾਲਾ ਹਿਮਾਚਲ ਪ੍ਰਦੇਸ਼ ਨੂੰ ਮਿਲ ਗਏ । ਇਸ ਤਰ੍ਹਾਂ ਵਰਤਮਾਨ ਜਾਬ ਹੋਂਦ ਵਿੱਚ ਆਇਆ । ਇਹ ਪੰਜਾਬ  ਛੋਟਾ ਹੈ।

## <u>ਪੰਜਾਬ ਦਾ ਨਾਮਕਰਣ</u>

ਇਤਿਹਾਸਕਾਰ ਲਿਖਦੇ ਹਨ ਕਿ ਪ੍ਰਾਚੀਨ ਕਾਲ ਵਿਚ ਮੱਧ ਏਸ਼ੀਆ ਜਾਂ ਕਿਸੇ ਹੋਰ ਥਾਂ ਤੋਂ ਟੋਲਿਆਂ ਦੇ ਰੂਪ ਵਿਚ ਆਰੀਆ ਲੋਕ  ਭਾਰਤ ਵਿਚ ਆਏ । ਉਨ੍ਹਾਂ ਨੇ ਆਪਣਾ ਪਹਿਲਾ ਨਿਵਾਸ ਪੰਜਾਬ ਨੂੰ ਹੀ ਬਣਾਇਆ। ਇਥੋਂ ਹੀ ਅਗਾਂਹ ਉਹ ਭਾਰਤ ਦੇ ਹੋਰ ਹਿੱਸਿਆਂ ਵਿੱਚ ਹੌਲੀ-ਹੌਲੀ ਜਾ ਕੇ ਵਸੇ । ਉਸ ਸਮੇਂ ਪੰਜਾਬ ਵਿੱਚ ਸਤਲੁਜ, ਰਾਵੀ, ਬਿਆਸ, ਚਨਾਬ ਤੇ ਜੇਹਲਮ, ਪੰਜ ਦਰਿਆਵਾਂ ਤੋਂ ਛੁੱਟ, ਦੇ ਹੋਰ ਦਰਿਆ ਸਰਸਵਤੀ ਤੇ ਸਿੱਧ ਵੀ ਵਗਦੇ ਸਨ । ਇਸੇ ਕਰਕੇ ਇਸ ਇਲਾਕੇ ਨੂੰ ਸਪਤ ਸਿੰਧੁ' ਦਾ ਨਾਮ ਦਿੱਤਾ ਗਿਆ । ਆਰੀਆਂ ਦੀ ਪਹਿਲੀ ਮਹਾਨ ਰਚਨਾ ਰਿਗਵੇਦ ਵਿੱਚ ਇਨ੍ਹਾਂ ਮੌਤਾਂ ਦਰਿਆਵਾਂ ਦੇ ਨਾਮ ਵਾਰ-ਵਾਰ ਆਉਂਦੇ ਹਨ । ਉਸ ਸਮੇਂ ਈਰਾਨ, ਅਫਗਾਨਿਸਤਾਨ ਤੇ ਸਪਤ ਸਿੰਧੂ ਦੇ ਇਲਾਕੇ ਆਰੀਆਂ ਦੇ ਅਧੀਨ ਸਨ 'ਤੇ ਇਨ੍ਹਾਂ ਦਾ ਸਾਂਝਾ ਨਾਮ "ਆਰੀਆਵਰਤ` ਸੀ ।

ਕੁਝ ਸਮਾਂ ਪਿਛੋਂ, ਕੁਝ ਆਰੀਆ ਗੰਗ-ਦੁਆਬ ਵੱਲ ਚਲੇ ਗਏ । ਉਹਨਾਂ ਸਰਸਵਤੀ ਪਾਰ ਦੇ ਇਲਾਕੇ ਦਾ ਨਾਂ ਬ੍ਰਹਮਵਰਤ` ਰੱਖਿਆ । ਇਸ ਤਰ੍ਹਾਂ, 'ਆਰੀਆਵਰਤ' ਅਤੇ 'ਬ੍ਰਹਮਵਰਤ' ਦੇ ਦੇਸ ਬਣ ਗਏ । ਇਹਨਾਂ ਨੇ ਆਪਣੇ ਬਜ਼ੁਰਗਾਂ ਦੇ ਦੇਸ 'ਸਪਤ ਸਿੰਧੂ' ਦੇ ਲੋਕਾਂ ਨੂੰ ਨੀਵੇਂ ਸਮਝਣਾ ਸ਼ੁਰੂ ਕਰ ਦਿੱਤਾ । ਉਸ ਸਮੇਂ ਪੰਜਾਬ ਦਾ ਨਾਮ 'ਵਾਹੀਕ ਦੇਸ ਪੈ ਗਿਆ, ਕਿਉਂਕਿ ਇਥੋਂ ਦੇ ਬਹੁਤ ਲੋਕ ਵਾਹੀ ਦਾ ਕੰਮ ਕਰਦੇ ਸਨ । 'ਬ੍ਰਹਮਵਰਤ` ਵਿੱਚ ਰਹਿਣ ਵਾਲੇ ਲੋਕ ਇਥੋਂ ਦੇ ਲੋਕਾਂ ਨੂੰ ਅਧਰਮੀ ਕਹਿਣ ਲਗ ਪਏ। ਮਹਾਂਭਾਰਤ ਦੇ ਕਰਣ- ਪੂਰਬ ਦੇ ਚਾਲੀਵੇਂ ਅਧਿਆਇ ਵਿੱਚ ਇੱਥੋਂ ਦੇ ਲੋਕਾਂ ਬਾਰੇ ਬਹੁਤ ਘਟੀਆ ਵਿਚਾਰ ਪ੍ਰਗਟ ਕੀਤੇ ਗਏ ਹਨ । ਇਸ ਪਿਛੋਂ ਬਿਆਸ ਦੇ ਜੇਹਲਮ ਤੱਕ ਦੇ ਇਲਾਕੇ ਦਾ ਨਾਂ 'ਮਦਰ ਦੇਸ਼ ਵੀ ਪਿਆ |

ਪੰਜਾਬ ਸੈਂਕੜੇ ਜਾਤੀਆਂ ਦਾ ਦੇਸ ਹੈ । ਸੱਭ ਤੋਂ ਪਹਿਲਾਂ ਇਥੇ ਦ੍ਰਾਵੜ ਲੋਕ ਰਹਿੰਦੇ ਸਨ । 1000 ਈ. ਪੂਰਵ ਇਥੇ ਸਿਬੀਅਨ, ਆਭੀਰ ਤੇ ਹੁਣ ਜਾਤੀਆਂ ਆਈਆਂ । ਸਿਬੀਅਨਾਂ ਵਿੱਚ ਇੱਕ ਜਾਤੀ ਦਾ ਨਾਮ 'ਟੈਂਕ' ਸੀ । ਇਸਦੇ ਆਧਾਰ 'ਤੇ ਬਿਆਸ ਤੋਂ ਝਨਾਂ ਤੱਕ ਦਾ ਇਲਾਕਾ 'ਟੱਕ ਦੇਸ ਅਖਵਾਇਆ । 641 ਈ. ਵਿੱਚ ਇਕ ਚੀਨੀ ਯਾਤਰੀ ਹਿਊਨਸਾਂਗ ਨੇ ਆਪਣੀ ਲਿਖਤ ਵਿੱਚ ਟੱਕ ਦੇਸ ਦਾ ਜ਼ਿਕਰ ਕੀਤਾ ਹੈ, ਜਿਸਦੀ ਹੱਦ ਸਿੰਧ ਤੋਂ ਬਿਆਸ ਤੱਕ ਸੀ । ਟੈਕਸਿਲਾ ਇਸਦੀ ਰਾਜਧਾਨੀ ਸੀ । ਟੱਕੀ ਇਸਦੀ ਬੋਲੀ ਤੇ ਟਾਕਰੀ ਲਿਪੀ ਸੀ ਕਦਰਤੀ ਆਫ਼ਤਾਂ ਤੇ ਰਾਜਨੀਤਿਕ ਉਥਲ-ਪੁਥਲ ਕਾਰਨ ਕੁਝ ਸਮੇਂ ਪਿਛੋਂ 'ਸਪਤ ਸਿੰਧੂ` ਦੇ ਸੱਤਾਂ ਦਰਿਆਵਾਂ ਵਿਚੋਂ, ਇਸ ਦੇਸ ਵਿਚ ਸਿਰਫ਼ ਪੰਜ ਦਰਿਆ ਹੀ ਰਹਿ ਗਏ । ਸਿੰਧ ਕਾਬਲ ਨਾਲ ਜੁੜ ਗਿਆ ਤੇ ਸਰਸਵਤੀ ਅਲੋਪ ਹੋ ਗਈ । ਸੰਸਕ੍ਰਿਤ ਵਿੱਚ ਪਾਣੀ ਦੇ ਵੱਡੇ ਵਹਿਣ ਨੂੰ 'ਨੰਦ' ਕਿਹਾ ਜਾਂਦਾ ਹੈ । ਇਸ ਲਈ ਇਸ ਦੇਸ ਦਾ ਨਾਂ 'ਪੰਜ ਨੰਦ' ਪ੍ਰਚਲਿਤ ਹੋ ਗਿਆ । 'ਪੰਜ ਨੰਦ' ਦਾ ਫ਼ਾਰਸੀ ਰੂਪ ਪੰਜਾਬ ਹੈ । ਫਾਰਸੀ ਵਿੱਚ 'ਆਬ ਪਾਣੀ ਨੂੰ ਕਹਿੰਦੇ ਹਨ। ਪੰਜਾਬ ਦਾ ਅਰਥ ਹੈ- ਪੰਜ ਪਾਣੀਆਂ ਦਾ ਦੇਸ਼ । ਇਸਦਾ ਇਹ ਨਾਂ ਮੁਸਲਮਾਨਾਂ ਦੇ ਇਥੇ ਆਉਣ ਨਾਲ ਪ੍ਰਚਲਿਤ ਹੋਇਆ । ਇਤਿਹਾਸਕ ਤੱਥਾਂ ਦੀ ਰੌਸਨੀ ਵਿੱਚ ਸਿੱਧ ਹੁੰਦਾ ਹੈ ਕਿ 13 ਵੀਂ ਸਦੀ ਵਿੱਚ 'ਪੰਜ ਨੰਦ` ਨੂੰ 'ਪੰਜ-ਆਬ' ਆਖਿਆ ਜਾਣ ਲਗ ਪਿਆ ਤੇ ਇਹ ਸ਼ਬਦ ਜਲਦੀ ਹੀ ਪੰਜਾਬ' ਬਣ ਗਿਆ । ਇਸ ਤਰ੍ਹਾਂ ਕਈ ਪੜ੍ਹਾਵਾਂ ਵਿਚੋਂ ਲੰਘਦੇ ਹੋਏ, ਅਖੀਰ ਇਸ ਦੇਸ ਦਾ ਨਾਮ ਪੰਜਾਬ ਪਿਆ ਜੋ ਇਸ ਵੇਲੇ ਵੀ ਪ੍ਰਚਲਿਤ ਹੈ ।

## ਪੰਜਾਬੀ ਦਾ ਨਾਮਕਰਣ

ਪ੍ਰਾਚੀਨ ਪੰਜਾਬੀ ਬੋਲੀ ਨੂੰ ਕਈ ਨਾਮ ਦਿੱਤੇ ਗਏ ਸਨ । ਸੰਸਕ੍ਰਿਤ ਤੇ ਪ੍ਰਾਕਿਰਤ ਦੀਆਂ ਪੁਰਾਣੀਆਂ ਪੁਸਤਕਾਂ ਵਿੱਚ ਪੰਜਾਬ ਦੀ ਪ੍ਰਾਚੀਨ ਬੋਲੀ ਦੇ ਕਈ ਨਾਮ ਮਿਲਦੇ ਹਨ, ਜਿਵੇਂ- ਮਾਦਰੀ, ਟੱਕੀ, ਢੱਕੀ, ਕੈਕਈ, ਪੈਸਾਚੀ ਆਦਿ । ਵਰਤਮਾਨ ਪੰਜਾਬੀ, ਜਿਸਦਾ ਮੁੱਢ 8-9 ਵੀਂ ਸਦੀ ਵਿੱਚ ਘੋੜਾ ਮੰਨਿਆ ਜਾਂਦਾ ਹੈ, ਨੂੰ ਵੀ ਕਈ ਨਾਵਾਂ ਨਾਲ ਪੁਕਾਰਿਆ ਗਿਆ ਹੈ, ਜਿਵੇਂ ਹਿੰਦ, ਹਿੰਦਈ, ਹਿੰਦਕੋ, ਹਿੰਦੀ, ਮੁਲਤਾਨੀ, ਲਾਹੌਰੀ, ਜਟਕੀ, ਗਵਾਰ, ਦੇਸ ਭਾਪਾ, ਗੁਰਮੁੱਖੀ, ਲਹਿੰਦੀ ਤੇ ਪੰਜਾਬੀ ਆਦਿ । ਬਹੁਤੇ ਮੁਸਲਮਾਨ ਲੇਖਕਾਂ ਨੇ ਇਸਨੂੰ ਹਿੰਦਕੀ, ਹਿੰਦੋਈ ਜਾਂ ਹਿੰਦੀ ਆਦਿ ਦੇ ਨਾਮ ਨਾਲ ਪੁਕਾਰਿਆ । ਅਮੀਰ ਖੁਸਰੋ (1253-1325 ਈ.) ਨੇ ਪੰਜਾਬੀ ਨੂੰ 'ਲਾਹੌਰੀ ਆਖਿਆ ਹੈ । ਮੁਹੱਸਨ ਫ਼ਾਨੀ (1645 ਈ.) ਪੰਜਾਬੀ ਨੂੰ 'ਜਬਾਨ ਜਟਾਨਿ ਪੰਜਾਬ' ਅਰਥਾਤ ਪੰਜਾਬ ਦੇ ਜੱਟਾਂ ਦੀ ਬੋਲੀ ਕਹਿੰਦਾ ਹੈ । ਹਾਮਦ ਆਪਣੀ ਰਚਨਾ 'ਹੀਰ' ਵਿਚ ਪੰਜਾਬੀ ਨੂੰ 'ਜਟਕੀ' ਆਖਦਾ ਹੈ । ਬਹੁਤ ਸਾਰੇ ਧਾਰਮਿਕ ਲੋਕਾਂ ਨੇ ਪੰਜਾਬੀ ਨੂੰ 'ਗੁਰਮੁਖੀ' ਵੀ ਕਿਹਾ ਹੈ । ਅੰਗਰੇਜ਼ ਲਿਖਾਰੀਆਂ ਤੇ ਬਾਲ ਗੰਗਾਧਰ ਤਿਲਕ ਨੇ ਵੀ ਪੰਜਾਬੀ ਨੂੰ 'ਗੁਰਮੁਖੀ ਹੀ ਕਿਹਾ । ਸੱਭ ਤੋਂ ਪਹਿਲਾਂ ਪੰਜਾਬੀ ਸ਼ਬਦ ਦੀ ਵਰਤੋਂ ਹਾਫ਼ਜ ਬਰਖ਼ੁਰਦਾਰ (1670 ਈ.) ਨੇ ਆਪਣੀ ਕਵਿਤਾ ਵਿਚ ਕੀਤੀ । ਇਸ ਪਿਛੋਂ ਬਹੁਤ ਸਾਰੇ ਕਵੀਆਂ ਦੀਆਂ ਰਚਨਾਵਾਂ ਵਿੱਚ ਇਸ ਬੋਲੀ ਦੇ 'ਪੰਜਾਬੀ` ਨਾਂ ਦੀ ਵਰਤੋਂ ਮਿਲ ਜਾਂਦੀ ਹੈ । 19 ਵੀਂ ਸਦੀ ਦੇ ਮੁੱਢ ਵਿਚ ਅੰਗਰੇਜ਼ ਲੇਖਕਾਂ ਨੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ 'ਪੰਜਾਬੀ ਵਿਆਕਰਨ', 'ਪੰਜਾਬੀ ਡਿਕਸ਼ਨਰੀ` ਆਦਿ ਨਾਵਾਂ ਹੇਠ ਕੀਤੀ । ਇਸ ਤਰ੍ਹਾਂ, ਪੰਜਾਬ ਦੀ ਬੋਲੀ ਦਾ 'ਪੰਜਾਬੀ` ਨਾਂ ਪਿਆ ਤੇ ਪੱਚਲਿਤ ਹੋ ਗਿਆ । ਅਸਲ ਵਿੱਚ ਇਹ ਇਥੋਂ ਦੇ ਲੋਕਾਂ ਦੀ ਬਹੁਤ ਪੁਰਾਣੀ ਬੋਲੀ ਹੈ । ਇਹ ਕਈਆਂ ਪੜ੍ਹਾਵਾਂ ਤੇ ਨਾਵਾਂ ਰਾਹੀਂ ਗੁਜ਼ਰ ਕੇ ਅੱਜ ਦੇ ਮੌਜੂਦਾ ਹਾਲਤ ਵਿੱਚ ਪਹੁੰਚੀ ਹੈ।

**ਪੰਜਾਬੀ ਭਾਸ਼ਾ ਦਾ ਵਿਕਾਸ** :- ਪੰਜਾਬੀ ਭਾਸ਼ਾ ਦੇ ਨਿਕਾਸ ਤੋਂ ਇੱਕ ਗੱਲ ਸਿੱਧ ਹੋਈ ਹੈ ਕਿ ਪੰਜਾਬੀ ਭਾਸ਼ਾ ਦਾ ਜਨਮ ਇੱਕ ਹਜਾਰ ਈ. ਤੋਂ ਮੰਨਿਆ ਜਾਂਦਾ ਹੈ ਪਰ ਭਾਸ਼ਾ ਇਕਦਮ ਪੈਦਾ ਨਹੀਂ ਹੁੰਦੀ ਸਗੋਂ ਉਸ ਦੇ ਪਿੱਛੇ ਕਈ ਸਦੀਆਂ ਲੱਗ ਜਾਂਦੀਆਂ ਹਨ। ਇਥੋਂ ਹੀ ਪੰਜਾਬੀ ਭਾਸ਼ਾ ਦਾ ਸੰਬੰਧ ਵੈਦਿਕ ਸੰਸਕ੍ਰਿਤ, ਸੰਸਕ੍ਰਿਤ, ਪ੍ਰਾਕਿਰਤ ਅਤੇ ਸਥਾਨਕ ਅਪਭ੍ਰੰਸ਼ ਭਾਸ਼ਾਵਾਂ ਨਾਲ ਜਾ ਜੁੜਦਾ ਹੈ। ਕਈ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਅਪਭ੍ਰੰਸ਼ ਭਾਸ਼ਾਵਾਂ ਕੋਈ ਵੱਖਰੀਆਂ ਨਹੀਂ ਸਨ ਸਗੋਂ ਕਿਰਤ ਭਾਸ਼ਾਵਾਂ ਦਾ ਹੀ ਸਥਾਨਕ ਰੂਪ ਸਨ। ਇਸ ਕਰਕੇ ਉਹ ਪੰਜਾਬੀ ਭਾਸ਼ਾ ਦਾ ਜਨਮ ਸਿੱਧਾ ਹੀ ਸੌਰਸੇਨੀ ਪ੍ਰਾਕਿਰਤ ਤੋਂ ਇਕ ਹਜਾਰ ਈ: ਤੋਂ ਹੋਇਆ ਮੰਨਦੇ ਹਨ ਕਿਉਂਕਿ ਅਪਭ੍ਰੰਸ਼ ਭਾਸ਼ਾਵਾਂ ਟੈਂਕੀ, ਕੈਕਈ, ਪੇਸ਼ਾਚੀ ਆਦਿ ਦਾ ਕੋਈ ਵੀ ਮੂਲ ਨਮੂਨਾ ਅੱਜ ਨਹੀਂ ਮਿਲਦਾ ਹੈ। ਇਸਦੀ ਬਜਾਏ ਪਾਲੀ ਪ੍ਰਾਕਿਰਤ ਅਤੇ ਸੋਰਸ਼ੈਨੀ ਦੇ ਕਈ ਲੱਛਣ ਪੰਜਾਬੀ ਨਾਲ ਮਿਲਦੇ ਹਨ। ਇੰਨਾਂ ਦੋਹਾਂ ਦੇ ਸ਼ਬਦ ਹੱਥ, ਕੰਮ, ਕੰਮ, ਸੱਤ, ਅੱਠ ਆਦਿ ਅਜੋਕੀ ਪੰਜਾਬੀ ਵਿੱਚ ਹਨ। ਇਵੇਂ ਹੀ ੧/੯ ਦੀ ਥਾਂ ਤੇ "ਸ਼" ਦਾ ਪ੍ਰਯੋਗ ਅਤੇ ਂ ਦੀ ਥਾਂ '" ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪ੍ਰਕਾਰ ਪੰਜਾਬੀ ਭਾਸ਼ਾ ਦਾ ਸੰਬੰਧ ਪਹਿਲਾਂ ਪਾਲੀ ਅਤੇ ਬਾਅਦ ਵਿੱਚ ਸੋਰਸ਼ਨੀ ਪ੍ਰਾਕਿਰਤ ਨਾਲ ਜਾ ਜੁੜਦਾ ਹੈ। ਪਰ ਇੱਕ ਹਜ਼ਾਰ ਈ: ਦੀ ਪੁਰਾਤਨ ਪੰਜਾਬੀ ਭਾਸ਼ਾ ਅਤੇ ਅਜੋਕੀ ਪੰਜਾਬੀ ਵਿਚ ਬਹੁਤ ਅੰਤਰ ਹੈ ਜੋ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਦਾ ਸਿੱਟਾ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਹੇਠ ਲਿਖੀਆਂ ਵੱਖ-ਵੱਖ ਅਵਸਥਾਵਾਂ ਵਿੱਚ ਵੰਡਿਆ ਜਾ ਸਕਦਾ ਹੈ। (1) ਆਰੰਭਕ ਅਵਸਥਾ-1400 ਈ. ਤੱਕ। (2) ਵਿਕਾਸ ਅਵਸਥਾ-1400 ਈ. ਤੋਂ 1700 ਈ. ਤੱਕ। (3) ਪਰਿਪੱਕਤਾ ਦੀ ਅਵਸਥਾ-1700 ਈ. ਤੋਂ 1850 ਈ. ਤੱਕ। (4) ਸਾਹਿਤਕ ਪ੍ਰਭਾਵਾਂ ਦੀ ਅਵਸਥਾ ਜਾਂਆਧੁਨਿਕ ਅਵਸਥਾ-1850 ਈ. ਤੋਂ 1947 ਈ. ਤੱਕ। (5) ਅਜੋਕੀ ਅਵਸਥਾ(ਨਵੀਨ ਅਵਸਥਾ) ਜਾਂ -1947 ਈ ਤੋਂ ਹੁਣ ਤੱਕ

(1) **ਆਰੰਭਕ ਅਵਸਥਾ 1400 ਈ. ਤੱਕ**- ਪੰਜਾਬੀ ਭਾਸ਼ਾ ਦੀ ਮੁਢਲੀ ਅਵਸਥਾ ਵਿਚ ਇਸਦੀ ਵਿਕਾਸ ਦੀਆਂਪਹਿਲੀਆਂ ਤਿੰਨ ਚਾਰ ਸਦੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਇਹ ਪੰਜਾਬੀ ਭਾਸ਼ਾ ਦਾ ਮੁਢਲਾ ਰੂਪ ਸੀ। ਇਸ ਸਮੇਂ ਜਿਆਦਾ ਲੱਛਣ ਪੁਰਾਣੇ ਹੀ ਸਨ। ਭਾਸ਼ਾ ਦਾ ਰੂਪ ਬਹੁਤ ਜਿਆਦਾ ਸੰਯੋਗਾਤਮਕ ਸੀ। ਕਾਰਕੀ ਪਿਛੇ ਤਰਾਂ ਦੀ ਵਰਤੋਂ ਹੁੰਦੀ ਸੀ। ਸੰਬੰਧਕਾਂ ਦੀ ਵਰਤੋਂ ਬਹੁਤ ਘੱਟ ਸੀ। ਸਹਾਇਕ ਕਿਰਿਆਵਾਂ ਬਹੁਤ ਘੱਟ ਸਨ। ਬਹੁਤੇ ਨਾਂਵ /ਉ/ ਅਤੇ /ਓ/ ਨਾਲ ਸੰਬੰਧਤ ਸਨ। /ਸ//ਜ/ਯ ਦੀਆਂ ਧੁਨੀਆਂ ਨਹੀਂ ਸਨ। ਇਸ ਸਮੇਂ ਦੀ ਪੰਜਾਬੀ ਭਾਸ਼ਾ ਦਾ ਨਮੂਨਾ ਬਾਬਾ ਫਰੀਦ ਜੀ ਦੀ ਰਚਨਾ ਹੈ ਪ੍ਰੰਤੂ ਉਸਦਾ ਆਦਿ ਗ੍ਰੰਥ ਵਾਲਾ ਸਰੂਪ ਕਾਫੀ ਅੰਤਰ ਵਾਲਾ ਹੈ ਕਿਉਂਕਿ ਉਸਨੂੰ ਚਾਰ ਸਦੀਆਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਿਆਕਰਨ ਅਨੁਸਾਰ ਢਾਲ ਕੇ ਲਿਖਿਆ।

(2) **ਵਿਕਾਸ ਅਵਸਥਾ - 1400 ਤੋਂ 1700 ਈ. ਤੱਕ-** ਇਹ ਸਮਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਸੁਨਹਿਰੀ ਯੁੱਗ ਵਜੋਂ ਜਾਣਿਆ ਜਾਂਦਾ ਹੈ। ਇਸਨੂੰ ਗੁਰੂ ਕਾਲ ਵੀ ਕਿਹਾ ਜਾਂਦਾ ਹੈ। ਇਸ ਸਮੇਂ ਦੀ ਸਭ ਤੋਂ ਪ੍ਰਮਾਣਕ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਿੱਖ ਗੁਰੂਆਂ ਤੋਂ ਲੈਕੇ ਸੁਲਤਾਨ ਬਾਹ ਵਰਗੇ ਵਕੀਰਾਂ, ਦਮੋਦਰ ਅਤੇ ਪੀਲੂ ਵਰਗੇ ਕਿੱਸਕਾਰਾਂ ਦੀਆਂ ਰਚਨਾਵਾਂ ਵੀ ਇਸੇ ਕਾਲ ਵਿਚ ਹਨ। ਇਸ ਕਾਲ ਦੇ ਸਭ ਤੋਂ ਅੰਤਿਮ ਮਹਾਂਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਚੰਡੀ ਦੀ ਵਾਰ' ਹੈ। ਪਰ ਸਿੱਖ ਗੁਰੂਆਂ, ਭਾਈ ਗੁਰਦਾਸ ਜੀ, ਸੂਫੀ ਫਕੀਰਾਂ ਤੇ ਕਿੱਸਾ ਕਾਰਾਂ ਦੀ ਭਾਸ਼ਾ ਵਿੱਚ ਅੰਤਰ ਹੈ। ਜਿਸਦੇ ਕੁਝ ਕਾਰਨ ਹਨ ਜਿਵੇਂ ( 1 ) ਬਾਣੀ ਭਾਰਤੀ ਸਾਹਿਤ ਪ੍ਰੰਪਰਾ ਦੇ ਅਨੁਕ ਹੈ। (2) ਗੁਰਬਾਣੀ ਆਪਣੇ ਮੂਲ ਰੂਪ ਵਿੱਚ ਬਿਨਾਂ ਰਲਾਅਦੇ ਪਹੁੰਚੀ ਹੈ। ਆਦਿ ਗ੍ਰੰਥ ਦੀ ਭਾਸ਼ਾ ਅਤੇ ਚੰਡੀ ਦੀ ਵਾਰ ਦੀ ਭਾਸ਼ਾ ਵਿਚ ਕਾਫੀ ਅੰਤਰ ਹੈ। ਇਸ ਕਾਲ ਦੀ ਭਾਸ਼ਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਸਨ

1 ੧ਓ ਸਵਰ ਦੀ ਬਹੁਤ ਘੱਟ ਪਰ ਅ/ ਦੀ ਬਹੁਤ ਵਰਤੋਂ
2 ਇਥੇ, ਉਥੋਂ, ਜਿਥੇ ਦੀ ਥਾਂ ਏਥੇ, ਉਥੇ, ਜਿਥੇ ਆਦਿ ਦੀ ਵਰਤੋਂ ।
3 ਸੰਧੀ ਸਵਰ ਜਿਆਦਾ ਮਾਤਰਾ ਵਿਚ ਸਨ।

4. ਅਰਧ ਸੁਰ ਯ/ਅਤੇ/ਵ/ਦੀ ਵਧੇਰੇ ਵਰਤੋਂ।
5 ਸੰਯੁਕਤ ਵਿਅੰਜਨ ਕਾਫੀ ਸਨ।
6 ਅੱਧਕ ਦੀ ਵਰਤੋਂ ਨਹੀਂ ਸੀ।
7 /ਸ/ ਤੇ 'ਜ਼ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ।

8 ਨਾਸਿਕਤਾ ਅਤੇ ਬਿੰਦੀ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ। ਜਿਵੇਂ ਚੰਗਿਆਈਆ ਚੰਗਿਆਈਆਂ ਨਦਰੀ-ਨਦਰੀ।

9 ਭਾਸ਼ਾ ਸੰਯੋਗਾਤਮਕ ਸੀ ਅਤੇ ਕਾਰਕੀ ਪਿਛੇਤਰਾਂ ਦੀ ਵਰਤੋਂ ਹੁੰਦੀ ਸੀ।

10 ਲਿੰਗ ਅਤੇ ਵਜ਼ਨ ਦੇ ਭੇਦ ਲਈ ਆ/, /ਈ ੳ ਦੀ ਵਰਤੋਂ ਹੁੰਦੀ ਸੀ।

ਪ੍ਰੰਤੂ 17ਵੀਂ ਸਦੀ ਦੇ ਅੰਤ ਵਿੱਚ ਕਾਫੀ ਪਰਿਵਰਤਨ ਆ ਚੁੱਕੇ ਸਨ। 'ਚੰਡੀ ਦੀਵਾਰ' ਵਿੱਚ ਘੱਟ ਸੰਯੋਗਾਤਮਕਤਾ, ਘੱਟ ਕਾਰਕੀ ਪਿਛੇਤਰਾਂ ਦੀ ਵਰਤੋਂ ਹੈ। ਸਹਾਇਕ ਕਿਰਿਆਵਾਂ ਅਤੇ ਸੰਬੰਧਕਾਂ ਦੀ ਵਰਤੋਂ ਕੀਤੀ ਜਾਣ ਲੱਗ ਪਈ ਸੀ।

(3) **, ਪਰਿਪੱਕਤਾ ਦੀਅਵਸਥਾ**- 1700 ਤੋਂ 1850 ਈ ਤੱਕ- ਇਸ ਅਵਸਥਾ ਵਿੱਚ ਪੰਜਾਬੀ ਭਾਸ਼ਾ ਕਾਫ਼ੀ ਪਰਿਪੱਕ

ਰੂਪ ਧਾਰਨ ਕਰਦੀ ਹੈ। ਇਸ ਕਾਲ ਦੀ ਪ੍ਰਤੀਨਿਧ ਕਾਵਿ-ਵਿਧਾ ਕਿੱਸਾ ਕਾਵਿ ਹੈ। ਵਾਰਿਸ ਸ਼ਾਹ, ਹਾਸ਼ਮ ਅਹਿਮਦਯਾਰ, ਅਤੇ ਸ਼ਾਹ ਮੁਹੰਮਦ, ਬੁੱਲ੍ਹੇ ਸ਼ਾਹ ਅਤੇ ਨਜਾਬਤ ਵਰਗੇ ਪ੍ਰਸਿੱਧ ਸਾਹਿਤਕਾਰ ਇਸੇ ਕਾਲ ਵਿੱਚ ਹੋਏ ਹਨ। ਇਸ ਸਮੇਂ ਮੱਧਕਾਲੀ ਵਾਰਤਕ ਦੀਆਂ ਪ੍ਰੇਮ ਸੁਮਾਰਗ ਵਰਗੀਆਂ ਰਚਨਾਵਾਂ ਹਨ। ਭਾਸ਼ਾ ਦਾ ਰੂਪ ਸਥਿਰ ਹੁੰਦਾ ਗਿਆ। ਭਾਸ਼ਾ ਵਧੇਰੇ ਵਿਯੋਗਾਤਮਕ ਹੋ ਗਈ। ਸੰਬੰਧਕ, ਸਹਾਇਕ ਕਿਰਿਆ, ਨਾਂਵ ਆਦਿ ਦੀ ਵਰਤੋਂ ਵਧੀ। ਲਿੰਗ ਅਤੇ ਵਚਨ ਦੇ ਅਜੋਕੇ ਨਿਯਮ ਮਿਲਦੇ ਹਨ। ਸੰਯੁਕਤ ਵਿਅੰਜਨ ਬਹੁਤ ਘੱਟ ਸਨ। ਯ/ ਧੁਨੀ ਦੀ ਵਰਤੋਂ ਬਹੁਤ ਜਿਆਦਾ ਸੀ ਜਿਵੇਂ ਗਿਯਾਨੀ । ਸਾਰੇ ਲੱਛਣ ਅਜੋਕੇ ਭਾਸ਼ਾ ਦੇ ਸਨ ਪਰ ਸਹੀ ਸਾਹਿਤਕ ਤੱਕ ਨਹੀਂ ੰ ਸੀ।

(4**) ਸਾਹਿਤਕ ਪ੍ਰਭਾਵਾਂ ਵਾਲੀ ਜਾਂ ਆਧੁਨਿਕ ਅਵਸਥਾ :-** 1850 ਤੋਂ 1947 ਈ: ਤੱਕ - ਪੰਜਾਬੀ ਸਾਹਿਤ ਵਿੱਚ ਅੰਗਰੇਜਾਂ ਦੀ ਆਮਦ ਤੋਂ ਬਾਅਦ ਵਾਲੇ ਸਮੇਂ ਨੂੰ ਆਧੁਨਿਕ ਕਾਲ ਵਜੋਂ ਜਾਣਿਆ ਜਾਂਦਾ ਹੈ । ਕਿਉਂਕਿ ਉਨ੍ਹਾਂਨੇ ਹੀ ਭਾਰਤ ਵਿੱਚ ਵਿਗਿਆਨਕ, ਤਕਨੀਕੀ, ਸਾਹਿਤਕ ਅਤੇ ਵਿਦਿਅਕ ਖੇਤਰ ਵਿੱਚ ਕ੍ਰਾਂਤੀ ਲਿਆਂਦੀ । ਇਸ ਤੋਂ ਪਹਿਲਾਂ ਪੰਜਾਬੀ ਸਿਰਫ ਬੋਲਚਾਲ ਦੀ ਹੀ ਭਾਸ਼ਾ ਸੀ । ਇਸ ਤੋਂ ਪਹਿਲਾਂ ਸਾਹਿਤਕ ਖੇਤਰ ਵਿੱਚ ਧਾਰਮਿਕ ਕਵਿਤਾ ਅਤੇ ਬਿਰਤਾਂਤਕ ਕਾਵਿ ਹੀ ਪ੍ਰਮੁੱਖ ਸਨ । ਸਾਹਿਤ ਦਾ ਮੁੱਖ ਮਾਧਿਅਮ ਵੀ ਕਵਿਤਾ ਹੀ ਸੀ । ਪਰ ਆਧੁਨਿਕ ਸਮੇਂ ਵਿੱਚ ਕਵਿਤਾ ਦੇ ਨਾਲ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਵੱਖ-ਵੱਖ ਆਧੁਨਿਕ ਸਾਹਿਤਕ ਰੂਪ ਕਵਿਤਾ ਦੇ ਨਾਲ ਪੱਛਮੀ ਸਾਹਿਤ ਦੇ ਨਾਟਕ, ਨਾਵਲ, ਇਕਾਂਗੀ, ਕਹਾਣੀ, ਨਿਬੰਧ, ਰੇਖਾ ਚਿੱਤਰ, ਸਵੈ-ਜੀਵਨੀ, ਜੀਵਨੀ ਆਦਿ ਰੂਪ ਵਿਕਸਤ ਹੋਏ । ਇਸ ਕਾਰਨ ਪੰਜਾਬੀ ਭਾਸ਼ਾ ਦਾ ਸਰੂਪ ਹੁਣ ਬੋਲਚਾਲ ਦੀ ਭਾਸ਼ਾ ਦੀ ਥਾਂ ਸਾਹਿਤਕ ਭਾਸ਼ਾ ਵਾਲਾ ਹੁੰਦਾ ਗਿਆ। ਇਸ ਸਮੇਂ ਵਿੱਚ ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਬਾਵਾ ਬਲਵੰਤ, ਪ੍ਰਿ: ਤੇਜਾ ਸਿੰਘ, ਪ੍ਰੋ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਡਾ. ਆਈ.ਸੀ. ਨੰਦਾ, ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ ਆਦਿ ਸਾਹਿਤਕਾਰਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਨਿਖਾਰਨ ਵਿੱਚ ਯੋਗਦਾਨ ਪਾਇਆ । ਵੱਖ-ਵੱਖ ਵਿਆਕਰਨ ਕਾਰਾਂ ਨੇ ਪੰਜਾਬੀ ਭਾਸ਼ਾ ਲਈ ਨਵੇਕਲੀ ਵਿਆਕਰਨ ਤਿਆਰ ਕਰਨ ਦੇ ਵੀ ਯਤਨ ਕੀਤੇ।

5) **ਅਜੋਕੀ ਜਾਂ ਨਵੀਨ ਅਵਸਥਾ**- 1947 ਈ. ਤੋਂ ਹੁਣ ਤੱਕ-ਦੇਸ਼ ਦੀ 1947 ਈ: ਦੀ ਵੰਡ ਦਾ ਸਭ ਤੋਂ ਵੱਧ ਖਮਿਆਜਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਭੁਗਤਣਾ ਪਿਆ ਹੈ। ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਪੰਜਾਬੀ ਬੋਲਦੇ ਸੂਬੇ ਦਾ ਵੱਡਾ ਹਿੱਸਾ ਪਾਕਿਸਤਾਨ ਨੂੰ ਦੇ ਦਿੱਤਾ ਗਿਆ। ਉਥੇ ਪੰਜਾਬੀ ਹੁਣ ਗੁਰਮੁਖੀ ਦੀ ਥਾਂ ਫਾਰਸੀ ਲਿੱਪੀ ਵਿਚ ਲਿਖੀ ਜਾਣ ਲੱਗ ਪਈ ਅਤੇ ਦਿਨ-ਬ-ਦਿਨ ਉਨਾਂ ਦਾ ਸਾਹਿਤ ਪੂਰਬੀ ਪੰਜਾਬੀ ਤੋਂ ਦੂਰ ਹੁੰਦਾ ਗਿਆ ।

ਦੂਜਾ ਪੰਜਾਬੀ ਭਾਸ਼ਾ ਦਾ ਖੇਤਰ ਵੀ ਬਹੁਤ ਘੱਟ ਗਿਆ, ਇੱਥੇ ਹੀ ਬੱਸ ਨਹੀਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਨਹੀਂ ਮਿਲ ਸਕਿਆ। ਉਂਝ ਇਹ ਬੇਇਨਸਾਫੀ ਕੋਈ ਨਵੀਂ ਨਹੀਂ ਸੀ ਸਗੋਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਕਾਲ ਵਿੱਚ ਰਾਜ ਭਾਸ਼ਾ ਦੀ ਕੁਰਸੀ ਉਰਦੂ ਅਤੇ ਫਾਰਸੀ ਨੂੰ ਪ੍ਰਾਪਤ ਸੀ। ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਦਵਾਉਣ ਲਈ ਫੇਰ ਸੰਘਰਸ਼ ਕਰਨਾ ਪਿਆ। ਇਸ ਸੰਘਰਸ਼ ਦੇ ਨਤੀਜੇ ਵਜੋਂ ਪੰਜਾਬ ਨੂੰ 1966 ਵਿੱਚ ਫਿਰ ਦੁਬਾਰਾ ਵੰਡਿਆ ਗਿਆ ਅਤੇ ਇਸ ਦੇ ਕਈ ਹਿੱਸੇ ਹਰਿਆਣਾ ਅਤੇ ਹਿਮਾਚਲ ਨੂੰ ਦੇ ਦਿੱਤੇ ਗਏ । ਇਸਦੇ ਫਲਸਰੂਪ ਪੰਜਾਬੀ ਨੂੰ ਇੱਕ ਵਾਰ ਫੇਰ ਅਪਾਹਜ ਕਰ ਦਿੱਤਾ ਗਿਆ। ਪ੍ਰੰਤੂ ਇੰਨੇ ਜਿਆਦਾ ਨੁਕਸਾਨ ਉਠਾਉਣ ਤੋਂ ਬਾਅਦ ਆਖਰਕਾਰ 1968 ਦੀ ਵਿਸਾਖੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲ ਹੀ ਗਿਆ । ਇਸ ਤੋਂ ਬਾਅਦ ਹੀ ਪੰਜਾਬੀ ਭਾਸ਼ਾ ਦਾ ਨਿਯੋਜਤ ਅਤੇ ਸੰਗਠਿਤ ਵਿਕਾਸ ਸੰਭਵ ਹੋ ਸਕਿਆ ਹੈ। ਰਾਜ ਭਾਸ਼ਾ ਦੀ ਕੁਰਸੀ ਪ੍ਰਾਪਤ ਕਰਨ ਤੋਂ ਬਾਅਦ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਹੇਠ ਲਿਖੇ ਕਦਮ ਚੁੱਕੇ ਗਏ ਹਨ-

1 ਲੋਕ ਭਾਸ਼ਾ ਦੀ ਥਾਂ ਪੰਜਾਬੀ ਹੁਣ ਵਿਦਵਾਨਾਂ ਦੀ ਭਾਸ਼ਾ ਬਣੀ।
2 ਉਪਭਾਸ਼ਾਵਾਂ ਦੀ ਥਾਂ ਮਿਆਰੀ ਭਾਸ਼ਾ ਸਾਹਿਤ ਦਾ ਮਾਧਿਅਮ ਬਣੀ।
3 ਲੇਖਕਾਂ, ਕਵੀਆਂ, ਪਾਠਕਾਂ ਅਤੇ ਆਲੋਚਕਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਸਾਹਿਤਕ ਭਾਸ਼ਾ ਦੀ ਮਹੱਤਤਾ ਵਧੀ ਹੈ।
4 ਪੰਜਾਬੀ ਦੇ ਸ਼ਬਦ ਭੰਡਾਰ ਵਿੱਚ ਵਾਧਾ ਸੰਭਵ ਹੋ ਸਕਿਆ ਹੈ।
5 ਪੰਜਾਬੀ ਨੂੰ ਰਾਜ ਭਾਸ਼ਾ ਅਤੇ ਦਫਤਰੀ ਕੰਮ-ਕਾਜ ਦੀ ਭਾਸ਼ਾ ਵਜੋਂ ਵਰਤਿਆ ਜਾਣ ਲੱਗਾ।

6 ਪੰਜਾਬੀ ਨੂੰ ਉਚੇਰੀ ਵਿੱਦਿਆ ਲਈ ਵੀ ਸਿੱਖਿਆ ਦਾ ਮਾਧਿਅਮ ਬਣਾਇਆ ਗਿਆ। ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇ ਯੂਨੀਵਰਸਿਟੀ ਨੇ ਯੋਗਦਾਨ ਪਾਇਆ ।

7 ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੀ ਸਥਾਪਨਾ ਕੀਤੀ ਗਈ।
8 ਪੰਜਾਬ ਸਕੂਲ ਸਿੱਖਿਆ ਬੋਰਡ ਦੀ ਸਥਾਪਨਾ ਕੀਤੀ ਗਈ
9 ਭਾਰਤੀ ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਅਕਾਦਮੀ ਦਾ ਯੋਗਦਾਨ ॥ ਵੱਖ ਵੱਖ ਸਾਹਿਤਕ ਅਤੇ ਵਿਦਿਅਕ ਖੋਜ ਪੱਤਰਕਾਵਾਂ ਨੇ ਯੋਗਦਾਨ ਦਿੱਤਾ ਹੈ।
10 ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਮੀਡੀਆ, ਪ੍ਰੈਸ, ਰੇਡੀਉ, ਟੈਲੀਵਿਜ਼ਨ, ਦੂਰਦਰਸ਼ਨ, ਡੀ. ਡੀ. ਪੰਜਾਬੀ, ਜਾਂ ਫਾਦਾ ਪੰਜਾਬੀ, ਈ. ਟੀ. ਸੀ. ਪੰਜਾਬੀ, ਅਲਫਾ ਪੰਜਾਬੀ, ਬੱਲੇ ਬੱਲੇ ਅਤੇ ਐਮ ਐਚ ਵਨ ਆਦਿ ਚੈਨਲਾਂ ਨੇ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਯੋਗਦਾਨ ਦਿੱਤਾ ਹੈ। ਪੰਜਾਬੀ ਦੇ ਪ੍ਰਮੁੱਖ ਰੋਜਾਨਾ ਅਖਬਾਰ ਜਿਵੇਂ ਕਿ ਪੰਜਾਬੀ ਟ੍ਰਿਬਿਊਨ, ਅਜੀਤ, ਜੱਗਬਾਣੀ, ਦੇਸ਼ ਸੇਵਕ, ਸਪੋਕਸਮੈਨ,ਅੱਜ ਦੀ ਆਵਾਜ ਆਦਿ ਵੀ ਇਸਦੇ ਵਿਕਾਸ ਵਿਚ
11 . ਪੰਜਾਬੀ ਭਾਸ਼ਾ, ਸਾਹਿਤ : ਲਿੱਪੀ ਆਦਿ ਸੰਬੰਧੀ ਚੱਲਰਹੇ ਖੋਜ ਕਾਰਜਾਂ, ਐਮ. ਫਿਲ. ਅਤੇ ਪੀ. ਐਚ. ਡੀ. ਦੇ ਥੀਸਸ ਵੀ ਯੋਗਦਾਨ ਦੇ ਰਹੇ ਹਨ।
ਪ੍ਰੰਤੂ ਇਨਾਂ ਕੁਝ ਹੋਣ ਦੇ ਬਾਵਜੂਦ ਵੀ ਅਜੇ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਅਨੇਕਾਂ ਰੁਕਾਵਟਾਂ ਹਨ। ਪੰਜਾਬੀ ਆਮ ਲੋਕਾਂ ਦੇ ਘਰਾਂ ਅਤੇ ਗੁਰਦੁਆਰਿਆਂ ਦੇ ਧਾਰਮਿਕ ਕੰਮਾਂ ਕਾਜਾਂ ਵਿਚੋਂ ਨਿੱਕਲ ਕੇ ਰਾਜ ਪ੍ਰਬੰਧ ਅਤੇ ਸਿੱਖਿਆ ਦਾ ਮਾਧਿਅਮ ਬਣੀ ਹੈ। ਪਰ ਇਸ ਦੇ ਹੁੰਦਿਆਂ ਹੋਇਆ ਵੀ ਰਾਜ ਪ੍ਰਬੰਧ ਵਿੱਚ ਇਸਦੀ ਮੁਕੰਮਲ ਵਰਤੋਂ ਨਹੀਂ ਹੋ ਰਹੀ ਹੈ। ਜਨ ਸਧਾਰਨ ਨੂੰ ਕਿਹਾ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਸਮਰੱਥ ਨਹੀਂ ਹੈ। ਹਿੰਦੀ ਭਾਸ਼ਾ ਨੂੰ ਵਿਕਸਤ ਕਰਨ ਦਾ ਉਦੇਸ਼ ਵੀ ਉਪਰੋ ਸਾਇੰਸ਼ ਅਤੇ ਤਕਨੀਕੀ ਦੇ ਵਿਸ਼ੇ ਵੀ ਪੰਜਾਬੀ ਵਿੱਚ ਵਿਕਸਤ ਨਹੀਂ ਹਨ। ਨੌਜਵਾਨ ਪੀੜ੍ਹੀ ਵੀ ਆਪਣੀ

ਮਾਤ ਭਾਸ਼ਾ ਪ੍ਰਤੀ ਉਦਾਸੀਨ ਹੈ। ਵੱਖ ਵੱਖ ਚੈਨਲਾਂ ਅਤੇ ਮੀਡੀਆ ਪ੍ਰੈਸ ਵਿਚ ਵੀ ਪੰਜਾਬੀ ਭਾਸ਼ਾ ਦੇ ਸ਼ੁਧ ਉਚਾਰਨ ਅਤੇ ਟਕਸਾਲੀ ਸਰੂਪ ਦੀ ਥਾਂ ਇਸ ਦਾ ਰੂਪ ਅਤੇ ਸ਼ਬਦਾਵਲੀ ਹਿੰਦੀ ਤੇ ਅੰਗਰਜ਼ੀ ਨਾਲ ਰਲਗੱਡ ਕਰਕੇ ਇਸਦਾ ਸਰੂਪ ਵਿਗਾੜ ਰਹੇ ਹਨ

ਉਪਰੋਕਤ ਕਮੀਆਂ ਅਤੇ ਰੁਕਾਵਟਾਂ ਨੂੰ ਦੂਰ ਕਰਨ ਲਈ ਸਾਨੂੰ ਚਾਹੀਦਾ ਹੈ ਕਿ ਹਰੇਕ ਖੇਤਰ ਵਿਚ ਪੰਜਾਬੀ ਦੀ ਵਰਤੋਂ ਕੀਤੀ ਜਾਵੇ। ਕਾਨੂੰਨ, ਰਾਜ ਪ੍ਰਬੰਧ, ਸਾਇੰਸ ਅਤੇ ਤਕਨੀਕੀ ਖੇਤਰ ਵਿੱਚ ਇਸਦੀ ਵਰਤੋਂ ਕੀਤੀ ਜਾਵੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਲਈ ਉਚ ਪੱਧਰੀ ਖੋਜ ਕੇਂਦਰ ਬਣਾਇਆ ਜਾਵੇ। ਪੰਜਾਬੀ ਅਧਿਆਪਨ ਦਾ ਮਿਆਰ ਉੱਚਾ ਕੀਤਾ ਜਾਏ। ਵੱਧ ਤੋਂ ਵੱਧ ਨਵੀਆਂ ਗਿਆਨਵਰਧਕ ਪੁਸਤਕਾਂ ਪੰਜਾਬੀ ਵਿੱਚ ਛਪਣ ਦੁਨੀਆਂ ਦੇ ਸਾਹਿਤ ਦੀਆਂ ਪੁਸਤਕਾਂ ਦਾ ਪੰਜਾਬੀ ਅਨੁਵਾਦ ਕੀਤਾ ਜਾਏ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਵੱਧ ਤੋਂ ਵੱਧ ਆਰਥਕ ਸਹਾਇਤਾ ਪ੍ਰਦਾਨ ਕਰੇ।